ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ
ਪੰਜਾਬ ਰਾਜ।

ਨੰ:ਪਸਸਬ-**ਸਸ**(ਕਸ)2025/ 2272     ਮਿਤੀ .06/02/25.ਐਸ.ਏ.ਐਸ.ਨਗਰ

ਵਿਸ਼ਾ:- **ਦਸਵੀਂ ਅਤੇ** ਬਾਰਵੀਂ ਸ਼੍ਰੇਣੀ (**ਫਰਵਰੀ / ਮਾਰਚ** 2025) ਦੀ **ਸਲਾਨਾ** ਪ੍ਰੀਖਿਆ ਦੇ ਪ੍ਰਸ਼ਨ ਪੱਤਰ ਬੈਂਕਾਂ ਦੀ ਸੇਫ ਕਸਟੱਡੀ ਵਿੱਚ ਰੱਖਣ ਅਤੇ ਪ੍ਰੀਖਿਆ ਵਾਲੇ ਦਿਨ ਬੈਂਕ ਤੋਂ ਪ੍ਰਾਪਤ ਕਰਨ ਸਬੰਧੀ।

ਸ਼੍ਰੀਮਾਨ ਜੀ,

1. **ਦਸਵੀਂ ਅਤੇ** ਬਾਰਵੀਂ ਸ਼੍ਰੇਣੀ (**ਫਰਵਰੀ / ਮਾਰਚ** 2025) ਦੀ **ਸਲਾਨਾ** ਪ੍ਰੀਖਿਆ ਮਿਤੀ 19.2.2025 ਤੋਂ 4.4.2025 **ਤੱਕ** ਨਾਲ ਨੱਥੀ ਡੇਟਸ਼ੀਟ ਅਨੁਸਾਰ ਕਰਵਾਈ ਜਾ ਰਹੀ ਹੈ।

2. ਜਿਲਾ ਮੈਨੇਜਰ ਖੇਤਰੀ ਦਫਤਰ ਦੀ ਟੀਮ ਆਪਣੀ ਨਿਗਰਾਨੀ ਹੇਠ ਬਾਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ LOT-1 ਅਤੇ LOT- 2 **ਮਿਤੀ 13.2.2025 ,14.2.2025 ਅਤੇ 15.2.2025 ਤੱਕ** ਪ੍ਰਿੰਸ਼ੀਪਲ ਕਮ ਕੇਂਦਰ ਕੰਟਰੋਲਰ ਨੂੰ ਪ੍ਰਾਪਤ ਕਰਵਾਕੇ **ਆਪਣੀ ਹਾਜਰੀ ਵਿੱਚ ਚਲਾਨ ਨਾਲ ਮਿਲਾਨ ਕਰਵਾ ਕੇ** ਬੈਂਕ ਵਿੱਚ ਰਖਵਾਉਣਗੇ।

3. ਇਸੇ ਤਰਾ ਜਿਲਾ ਮੈਨੇਜਰ ਖੇਤਰੀ ਦਫਤਰ ਦੀ ਟੀਮ ਆਪਣੀ ਨਿਗਰਾਨੀ ਹੇਠ ਦਸਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ LOT-1 ਅਤੇ LOT- 2 **ਮਿਤੀ 3.3.2025** ਤੋਂ 5.3.2025 **ਤੱਕ** ਪ੍ਰਿੰਸ਼ੀਪਲ ਕਮ ਕੇਂਦਰ ਕੰਟਰੋਲਰ ਨੂੰ ਪ੍ਰਾਪਤ ਕਰਵਾਕੇ **ਆਪਣੀ ਹਾਜਰੀ ਵਿੱਚ ਚਲਾਨ ਨਾਲ ਮਿਲਾਨ ਕਰਵਾ ਕੇ** ਬੈਂਕ ਵਿੱਚ ਰਖਵਾਉਣਗੇ। **ਕੇਵਲ ਕੇਂਦਰ ਕੰਟਰੋਲਰ ਕਮ ਪ੍ਰਿੰਸੀਪਲ ਹੀ ਬੈਂਕ ਵਿੱਚੋਂ ਪ੍ਰਸ਼ਨ ਪੱਤਰ ਪ੍ਰਾਪਤ ਕਰਨਗੇ।**

4. ਪ੍ਰਸ਼ਨ ਪੱਤਰ ਪ੍ਰਾਪਤ ਕਰਨ ਉਪਰੰਤ ਜੇਕਰ ਕਿਸੇ ਵਿਸ਼ੇ ਦੇ ਪ੍ਰਸ਼ਨ ਪੱਤਰ ਘੱਟ ਹਨ ਜਾਂ ਪ੍ਰਾਪਤ ਨਹੀਂ ਹੋਏ ਤਾਂ ਇਸ ਬਾਰੇ **ਪ੍ਰਸ਼ਨ ਪੱਤਰ ਪ੍ਰਾਪਤ ਕਰਨ/ਬੈਂਕ ਵਿੱਚ ਰਖਵਾਉਣ ਸਮੇਂ ਹੀ ਡੇਟਸ਼ੀਟ ਵਿੱਚ ਦਰਜ ਜਿਲੇ ਨਾਲ ਸਬੰਧਤ ਸੁਪਰਡੰਟ ਦੇ ਮੋਬਾਇਲ ਨੰਬਰ/ਇੰਟਰਕੋਮ ਨੰਬਰਾਂ ਅਤੇ ਮੇਲ ਆਈ.ਡੀ.** ਤੇ ਮੁੱਖ ਦਫਤਰ ਨੂੰ **ਤੁਰੰਤ** ਸੂਚਿਤ ਕੀਤਾ ਜਾਵੇ।

5. **ਪ੍ਰਸ਼ਨ** ਪੱਤਰ ਪ੍ਰਾਪਤ ਕਰਨ ਵਾਲਾ ਅਧਿਕਾਰੀ (**ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ**) ਸਕੂਲ ਦੇ ਲੈਟਰ ਪੈਡ ਉਪਰ ਕੀਤੇ ਹਸਤਾਖਰ ਅਤੇ **ਸ਼**ਨਾਖਤੀ ਕਾਰਡ ਬੈਂਕ ਵਿੱਚ ਪੇਸ਼ ਕਰੇਗਾ **ਅਤੇ ਇਸ ਦੀ ਕਾਪੀ ਬੈਂਕ ਵਿੱਚ ਅਤੇ ਜਿਲੇ ਨਾਲ ਸਬੰਧਤ ਸਹਾਇਕ ਦੇ ਮੁਬਾਇਲ** / whatsapp ਗਰੁੱਪ ਤੇ ਭੇਜੇਗਾ।

6. **ਦਸਵੀਂ ਅਤੇ** ਬਾਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ **ਸਵੇਰੇ** 9.30 ਵਜੇ (ਪ੍ਰੀਖਿਆ ਵਾਲੇ ਦਿਨ) ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼ **ਵੱਲੋਂ ਹੀ ਬੈਂਕ ਤੋਂ** ਪ੍ਰਾਪਤ **ਕੀਤੇ** ਜਾਣ । **ਨਾ ਟਾਲਣਯੋਗ ਹਲਾਤਾਂ ਵਿੱਚ ਜੇਕਰ ਕੋਈ ਡਿਊਟੀ ਸੌਂਪੀ ਜਾਣੀ ਹੈ ਤਾਂ ਸੀਨੀਅਰ ਮੋਸਟ ਲੈਕਚਰਾਰ/ਅਧਿਆਪਕ ਨੂੰ ਸੌਂਪੀ ਜਾਵੇ। ਇਸ ਲਈ ਪ੍ਰਤੀ ਬੇਨਤੀ** deoportal2019@gmail.com **ਤੇ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ ਤੇ ਭੇਜ ਕੇ ਪ੍ਰਵਾਨਗੀ ਲਈ ਜਾਵੇ। ਇਸ ਸਬੰਧੀ ਨਾਲ ਨੱਥੀ ਸੂਚੀ ਅਨੁਸਾਰ ਆਪਣੇ ਜਿਲ੍ਹੇ ਨਾਲ ਸਬੰਧਤ ਡੀਲਿੰਗ ਸੁਪਰਡੰਟ ਅਤੇ ਸਹਾਇਕ ਨਾਲ ਸੰਪਰਕ ਕੀਤਾ ਜਾਵੇ।**

7. ਦਸਵੀਂ **ਅਤੇ** ਬਾਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਇੱਕ ਹੀ ਟਰੰਕ ਵਿੱਚ ਰੱਖੇ ਜਾਣ, **ਟਰੰਕ ਦੇ ਇੱਕ ਤਾਲੇ ਦੀ ਚਾਬੀ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਪਾਸ ਅਤੇ ਦੂਜੇ ਤਾਲੇ ਦੀ ਚਾਬੀ ਬੈਂਕ ਮੈਨੇਜਰ ਕੋਲ ਹੀ ਰੱਖੀ ਜਾਵੇ।**

8. ਡੇਟਸ਼ੀਟ ਅਨੁਸਾਰ ਪ੍ਰਸ਼ਨ ਪੱਤਰ ਉਸੇ ਵਿਸ਼ੇ ਦਾ ਪ੍ਰਾਪਤ ਕੀਤਾ ਜਾਵੇ, **ਬੈਂਕ ਵਿੱਚੋਂ ਪ੍ਰਸ਼ਨ ਪੱਤਰਾਂ ਦਾ ਪੈਕਟ ਪ੍ਰਾਪਤ ਕਰਦੇ ਸਮੇਂ ਦਰਜ ਵਿਸ਼ਾ/ਵਿਸ਼ਾ ਕੋਡ ਨੰਬਰ ਦਾ ਮਿਲਾਨ ਵੀ ਕੀਤਾ ਜਾਵੇ ਅਤੇ ਸੀਲਡ ਪ੍ਰਸ਼ਨ ਪੱਤਰ ਪੈਕਟ ਦੀ ਫੋਟੋ ਸਬੰਧਤ ਸੀਨੀਅਰ ਸਹਾਇਕ ਨਾਲ ਕੇਂਦਰ ਕੰਟਰੋਲਰਜ਼ ਦੇ ਬਣੇ whats app ਗਰੁੱਪ ਵਿੱਚ ਭੇਜੀ ਜਾਵੇ। ਬੈਂਕ ਵਿੱਚ ਰੱਖੇ ਰਜਿਸਟਰ ਵਿੱਚ ਵਿਸ਼ੇ ਦਾ ਨਾਂ ਅਤੇ ਵਿਸ਼ਾ ਕੋਡ ਨੰਬਰ, ਸਮਾਂ/ਮਿਤੀ ਵੀ ਦਰਜ ਕੀਤਾ ਜਾਵੇ ਅਤੇ ਹਸਤਾਖਰ ਵੀ ਕੀਤੇ ਜਾਣ,** ਬੈਂਕ ਤੋਂ ਰਸੀਦ ਵੀ ਲਈ ਜਾਵੇ।

ਚਲਦਾ ਪੰਨਾ......2

9. ਕੇਂਦਰ ਕੰਟਰੋਲਰ ਪ੍ਰੀਖਿਆ ਕੇਂਦਰ ਵਿੱਚ ਦਸਵੀਂ **ਅਤੇ** ਬਾਰਵੀਂ ਦੇ ਪ੍ਰਸ਼ਨ ਪੱਤਰ ਅੱਧਾ ਘੰਟਾ ਪਹਿਲਾਂ ਪਹੁੰਚਾਉਣਾ ਯਕੀਨੀ **ਬਣਾਉਣਗੇ ਅਤੇ ਕੇਂਦਰ ਸੁਪਰਡੰਟ ਨੂੰ ਸੌਂਪਣ ਸਮੇਂ ਦੀ ਫੋਟੋ ਸਬੰਧਤ ਡੀਲਿੰਗ ਸਹਾਇਕ ਨਾਲ ਬਣਾਏ whats app ਗਰੁੱਪ ਵਿੱਚ ਭੇਜੀ ਜਾਵੇ।**

10. ਦਸਵੀਂ ਅਤੇ ਬਾਰਵੀਂ ਸ੍ਰੇਣੀ ਦੇ ਪ੍ਰਸ਼ਨ ਪੱਤਰਾਂ ਦੇ ਪੈਕਟ ਬੈਂਕਾਂ ਦੀ ਸੇਫ ਕਸਟੱਡੀ ਵਿੱਚ PSEB-MATQ Mobile App ਰਾਹੀਂ SCAN ਕਰਨ ਉਪਰੰਤ ਰੱਖੇ ਜਾਣੇ ਹਨ। ਇਸ ਲਈ ਐਪ ਵਿੱਚ ਜਾਰੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

11. ਇਸ ਕਾਰਜ ਲਈ ਆਪਜੀ ਦੇ ਸਹਿਯੋਗ ਦੀ ਸਖਤ ਜਰੂਰਤ ਹੈ। ਕਿਸੇ ਵੀ ਤਰਾਂ ਦੀ ਜਾਣਕਾਰੀ ਲਈ **ਸਬੰਧਤ ਸੁਪਰਡੈਂਟਜ਼ ਅਤੇ ਜਿਲਾ ਡੀਲਿੰਗ ਸਹਾਇਕਾਂ ਨਾਲ ਸੰਪਰਕ ਕੀਤਾ ਜਾਵੇ। ਜਿਲਾ ਡੀਲਿੰਗ ਸਹਾਇਕਾਂ ਦੀ ਲਿਸਟ ਨੱਥੀ ਹੈ।**

ਨੱਥੀ:ਡੇਟਸ਼ੀਟ

ਸਹੀ/-
ਸਹਾਇਕ ਸਕੱਤਰ (ਕੰਡਕਟ)
ਪੰਜਾਬ ਸਕੂਲ ਸਿੱਖਿਆ ਬੋਰਡ।

**ਪਿੱਠ ਅੰਕਣ** ਨੰ:ਪਸਸਬ-**ਸਸ(ਕਸ)**2025/ 2273 ਮਿਤੀ 06/02/25 ਐਸ.ਏ.ਐਸ.ਨਗਰ

**ਉਪਰੋਕਤ** ਦਾ ਉਤਾਰਾ **ਹੇਠ ਲਿੱਖਿਆ ਨੂੰ** ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1) ਸਮੂਹ ਜਿਲਾ ਸਿੱਖਿਆ ਅਫਸਰ ;
2) **ਸਮੂਹ ਜਿਲ੍ਹਾ** ਮੈਨੇਜਰ , ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਸਹਾਇਕ ਸਕੱਤਰ (ਕੰਡਕਟ)
ਪੰਜਾਬ ਸਕੂਲ ਸਿੱਖਿਆ ਬੋਰਡ।

**ਪੰਜਾਬ ਸਕੂਲ ਸਿੱਖਿਆ ਬੋਰਡ**

**ਅਨੁਲੱਗ (ੳ)**

ਕੰਡਕਟ ਸ਼ਾਖਾ ਦੇ ਸਮੂਹ ਡੀਲਿੰਗ ਕਰਮਚਾਰੀਆਂ ਦੇ ਸੰਪਰਕ (Whatsapp) ਨੰਬਰ :-

| ਸਬੰਧਤ ਸੁਪਰਡੰਟ | ਲੜੀ ਨੰਬਰ | ਜ਼ਿਲ੍ਹਾ | ਡੀਲਿੰਗ ਕਰਮਚਾਰੀ ਦਾ ਨਾਂ ਅਤੇ ਫੋਨ ਨੰਬਰ |
|---|---|---|---|
| ਹਰਵਿੰਦਰ ਕੌਰ<br>9464894421 | 1. | ਸੰਗਰੂਰ<br>ਮਾਨਸਾ | ਸਿਕੰਦਰ ਸਿੰਘ<br>8054163705 |
| | 2. | ਫਰੀਦਕੋਟ<br>ਐੱਸ.ਬੀ.ਐੱਸ.ਨਗਰ<br>ਰੂਪਨਗਰ | ਰਮਨਦੀਪ ਗਿੱਲ<br>9855000505 |
| | 3. | ਫਿਰੋਜ਼ਪੁਰ<br>ਮੋਗਾ | ਸੁਖਵਿੰਦਰ ਸਿੰਘ<br>9417565574 |
| | 4. | ਲੁਧਿਆਣਾ | ਗੁਰਪ੍ਰੀਤ ਸਿੰਘ<br>7307260003 |
| ਸ਼ਿਵਦਰਸ਼ਨ ਕੌਰ<br>9463889199 | 5. | ਫਾਜ਼ਿਲਕਾ<br>ਐੱਸ.ਏ.ਐੱਸ.ਨਗਰ | ਸੁਰਿੰਦਰ ਸਿੰਘ<br>8264124213 |
| | 6. | ਗੁਰਦਾਸਪੁਰ | ਸ਼ਿਵਰਾਜ ਸਿੰਘ<br>8872010725 |
| | 7. | ਜਲੰਧਰ<br>ਬਰਨਾਲਾ | ਸ਼ਵਿੰਦਰ ਸਿੰਘ<br>8227422171 |
| | 8. | ਸ੍ਰੀ ਮੁਕਤਸਰ ਸਾਹਿਬ<br>ਪਠਾਨਕੋਟ<br>ਮਲੇਰਕੋਟਲਾ | ਰੁਪਿੰਦਰ ਕੌਰ<br>8437451000 |
| ਸਰਬਜੀਤ ਕਪਿਲ<br>9814340101 | 9. | ਹੁਸ਼ਿਆਰਪੁਰ<br>ਕਪੂਰਥਲਾ | ਰਣਧੀਰ ਸਿੰਘ<br>7888910390 |
| | 10. | ਅੰਮ੍ਰਿਤਸਰ | ਬਿਕਰਮਜੀਤ ਕੌਰ<br>9988637966 |
| | 11. | ਫਤਿਹਗੜ੍ਹ ਸਾਹਿਬ<br>ਪਟਿਆਲਾ | ਰਣਜੀਤ ਸਿੰਘ<br>9941720161 |
| | 12. | ਤਰਨ ਤਾਰਨ<br>ਬਠਿੰਡਾ | ਜਗਜੀਤ ਸਿੰਘ<br>9915865325 |